# ਸ਼ਿਕਾਇਤਾਂ ਦੀ ਪ੍ਰਕਿਰਿਆ

## ਸ਼ਿਕਾਇਤਾਂ ਦੀ ਪ੍ਰਕਿਰਿਆ  ਦਾ ਪਹੁੰਚਯੋਗ ਸੰਸਕਰਨ ਦੇਖੋ

*ਜੇ ਤੁਹਾਨੂੰ ਪਹੁੰਚਯੋਗ ਸੰਸਕਰਨ ਬਾਰੇ ਜਾਣਕਾਰੀ ਦੀ ਲੋੜ ਹੈ, ਤਾਂ ਕਿਰਪਾ ਕਰਕੇ ਕਾਲਜ ਨਾਲ ਸਿੱਧਾ ਸੰਪਰਕ ਕਰੋ।*

ਜੇ ਕਿਸੇ ਕਾਰਨ ਕਰਕੇ, ਤੁਹਾਨੂੰ ਜਾਂ ਕੋਈ ਅਜਿਹਾ ਵਿਅਕਤੀ ਜਿਸਨੂੰ ਤੁਸੀਂ ਜਾਣਦੇ ਹੋ ਉਸਨੂੰ ਕਿਸੇ ਆਡੀਓਲੋਜਿਸਟ ਜਾਂ ਸਪੀਚ-ਲੈਂਗੁਏਜ ਪੈਥੋਲੋਜਿਸਟ (ਬੋਲੀ-ਭਾਸ਼ਾ ਦੇ ਰੋਗ-ਵਿਗਿਆਨੀ) ਦੇ ਅਭਿਆਸ ਜਾਂ ਵਤੀਰੇ ਬਾਰੇ ਚਿੰਤਾਵਾਂ ਹਨ, ਤਾਂ ਤੁਹਾਨੂੰ CASLPO ਕੋਲ ਸ਼ਿਕਾਇਤ ਕਰਨ ਦਾ ਅਧਿਕਾਰ ਹੈ। CASLPO ਆਡੀਓਲੋਜਿਸਟਸ ਅਤੇ ਸਪੀਚ ਲੈਂਗੁਏਜ ਪੈਥੋਲੋਜਿਸਟ ਖ਼ਿਲਾਫ਼ ਸ਼ਿਕਾਇਤਾਂ, ਜਾਂ ਤਾਂ ਲਿਖਤੀ ਜਾਂ ਰਿਕਾਰਡ ਕੀਤੇ ਫਾਰਮੈਟ ਵਿੱਚ, ਕੀਤੀਆਂ ਜਾ ਸਕਦੀਆਂ ਹਨ।

**ਸ਼ਿਕਾਇਤ ਦਰਜ ਕਰਨ ਲਈ, ਕਿਰਪਾ ਕਰਕੇ ਆਪਣੀ ਸ਼ਿਕਾਇਤ ਨੂੰ ਇੱਥੇ ਭੇਜੋ:**

**ਡਾਕ ਪਤਾ:**

CASLPO
3080 Yonge Street, Suite 5060
Toronto ON M4N 3N1

**ਈਮੇਲ:** conduct@caslpo.com
**ਫੈਕਸ:** 416-975-8394

CASLPO ਇਹ ਯਕੀਨੀ ਬਣਾਉਂਦਾ ਹੈ ਕਿ ਸ਼ਿਕਾਇਤਾਂ ਦਾ ਨਿਪਟਾਰਾ ਸੁਰੱਖਿਅਤ ਅਤੇ ਸੰਵੇਦਨਸ਼ੀਲ  ਢੰਗ ਨਾਲ ਕੀਤਾ ਜਾਂਦਾ ਹੈ।

CASLPO ਦੀ ਸ਼ਿਕਾਇਤ ਦੀ ਪ੍ਰਕਿਰਿਆ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਹੇਠਾਂ ਵੇਖੋ।

---

# ਸ਼ਿਕਾਇਤ ਦਾਇਰ ਕਰਨਾ

ਦੇਖੋ +/-

ਆਡੀਓਲੋਜੀ ਅਤੇ ਸਪੀਚ-ਲੈਂਗੁਏਜ ਪੈਥੋਲੋਜੀ ਰੈਜਿਸਟਰੈਂਟਸ ਬਾਰੇ CASLPO ਨੂੰ ਸ਼ਿਕਾਇਤ ਕਰਨ ਦਾ ਅਧਿਕਾਰ ਹਰ ਕਿਸੇ ਕੋਲ ਹੈ। CASLPO ਕੋਲ ਸ਼ਿਕਾਇਤ ਦਰਜ ਕਰਨ ਲਈ ਕੋਈ ਸਮੇਂ ਸੀਮਾ ਨਹੀਂ ਹੈ।

ਤੁਸੀਂ  **ਪੇਸ਼ੇਵਰ ਵਤੀਰੇ ਬਾਰੇ ਡਾਇਰੈਕਟਰ (Director of Professional Conduct)** ਅਤੇ/ਜਾਂ  **ਰਜਿਸਟਰਾਰ** ਨਾਲ ਵੀ ਗੱਲ ਕਰ ਸਕਦੇ ਹੋ ਕਿਉਂਕਿ:

- ਤੁਸੀਂ ਕਿਸੇ ਮੁੱਦੇ 'ਤੇ ਵਿਚਾਰ-ਵਟਾਂਦਰਾ ਕਰਨਾ ਅਤੇ ਹੋਰ ਜਾਣਕਾਰੀ ਪ੍ਰਾਪਤ ਕਰਨਾ ਚਾਹ ਸਕਦੇ ਹੋ।
- ਤੁਸੀਂ ਆਡੀਓਲੋਜੀ ਅਤੇ/ਜਾਂ ਸਪੀਚ-ਲੈਂਗੁਏਜ ਪੈਥੋਲੋਜੀ ਰੈਜਿਸਟਰੈਂਟ ਬਾਰੇ ਸ਼ਿਕਾਇਤ ਕਰਨ ਬਾਰੇ ਯਕੀਨੀ ਨਹੀਂ ਹੋ।

ਆਪਣੀ ਸ਼ਿਕਾਇਤ ਵਿੱਚ ਤੁਸੀਂ ਇਹ ਸ਼ਾਮਲ ਕਰ ਸਕਦੇ ਹੋ:

- ਆਡੀਓਲੋਜੀ ਅਤੇ/ਜਾਂ ਸਪੀਚ-ਲੈਗੁਏਜ ਪੈਥੋਲੋਜੀ ਰੈਜਿਸਟਰੈਂਟ ਦਾ ਨਾਮ

- ਘਟਨਾਵਾਂ ਅਤੇ ਚਿੰਤਾਵਾਂ ਦੇ ਵੇਰਵੇ
- ਮਿਤੀਆਂ ਅਤੇ ਸਥਾਨ
- ਗਵਾਹਾਂ ਦਾ ਨਾਮ
- ਕਿਸੇ ਵੀ ਸੰਬੰਧਿਤ ਸੰਚਾਰ ਦੀਆਂ ਕਾਪੀਆਂ

ਆਡੀਓਲੋਜਿਸਟ ਜਾਂ ਸਪੀਚ-ਲੈਂਗਵੇਜ ਪੈਥੋਲੋਜਿਸਟ ਵਿਰੁੱਧ ਸ਼ਿਕਾਇਤਾਂ **ਲਿਖੀਆਂ** ਜਾਂ **ਰਿਕਾਰਡ ਕੀਤੀਆਂ ਜਾਣੀਆਂ ਚਾਹੀਦੀਆਂ** ਹਨ। **ਅਸੀਂ ਇਸ ਬਾਰੇ ਤੁਹਾਡੀ ਮਦਦ ਕਰ ਸਕਦੇ ਹਾਂ।**

# ਤਸਦੀਕ ਅਤੇ ਸਮੀਖਿਆ

ਦੇਖੋ +/-

ਇੱਕ ਵਾਰ ਜਦੋਂ ਤੁਹਾਡੀ ਸ਼ਿਕਾਇਤ ਮਿਲ ਜਾਂਦੀ ਹੈ, ਤਾਂ ਕਾਲਜ ਦਾ ਸਟਾਫ਼ 14 ਦਿਨਾਂ ਦੇ ਅੰਦਰ ਲਿਖਤੀ ਰੂਪ ਵਿੱਚ ਤੁਹਾਨੂੰ ਜਵਾਬ ਦੇਵੇਗਾ।

# ਵਿਵਾਦ ਦਾ ਬਦਲਵਾਂ ਨਿਪਟਾਰਾ

ਦੇਖੋ +/-

ਜੇ ਉਚਿਤ ਹੋਵੇ, ਤਾਂ ਸ਼ਿਕਾਇਤਾਂ ਦਾ ਨਿਪਟਾਰਾ ਸਾਡੇ ਸਵੈ-ਇੱਛਕ ਅਤੇ ਗੁਪਤ ਵਿਕਲਪਿਕ ਵਿਵਾਦ ਨਿਪਟਾਰੇ (ADR) ਦੀ ਪ੍ਰਕਿਰਿਆ ਦੁਆਰਾ ਕੀਤਾ ਜਾ ਸਕਦਾ ਹੈ; ਜੋ ਰਸਮੀ ਸ਼ਿਕਾਇਤ ਪ੍ਰਕਿਰਿਆ ਦਾ ਬਦਲ ਹੈ।

ਵਿਕਲਪਕ ਵਿਵਾਦ ਦੇ ਹੱਲ (Alternative Dispute Resolution - ADR) ਪ੍ਰਕਿਰਿਆ ਬਾਰੇ ਹੋਰ ਜਾਣੋ।

*ਜੇ ਤੁਹਾਨੂੰ ADR ਪ੍ਰਕਿਰਿਆ ਬਾਰੇ ਜਾਣਕਾਰੀ ਦੀ ਜ਼ਰੂਰਤ ਹੈ, ਤਾਂ ਕਿਰਪਾ ਕਰਕੇ ਕਾਲਜ ਨਾਲ ਸਿੱਧਾ ਸੰਪਰਕ ਕਰੋ।*

# ਜਾਂਚ-ਪੜਤਾਲ

ਦੇਖੋ +/-

- ਤੁਹਾਡੀ ਸ਼ਿਕਾਇਤ ਰੈਜਿਸਟਰੈਂਟ ਨੂੰ 14 ਦਿਨਾਂ ਦੇ ਅੰਦਰ ਭੇਜੀ ਜਾਏਗੀ। ਰੈਜਿਸਟਰੈਂਟ 30 ਦਿਨਾਂ ਦੇ ਅੰਦਰ ਸ਼ਿਕਾਇਤ ਦਾ ਜਵਾਬ ਦੇ ਸਕਦਾ ਹੈ।
- ਅੱਗਲੇਰੀ ਟਿੱਪਣੀ ਲਈ ਕਾਲਜ ਤੁਹਾਡੇ ਨਾਲ ਸੰਪਰਕ ਕਰ ਸਕਦਾ ਹੈ।
- CASLPO ਦੀ ਪੁੱਛਗਿੱਛ, ਸ਼ਿਕਾਇਤਾਂ, ਅਤੇ ਰਿਪੋਰਟਾਂ ਬਾਰੇ ਕਮੇਟੀ (Inquiries, Complaints, and Reports Committee - ICRC) ਹੁੰਦੀ ਹੈ। ਇਸ ਕਮੇਟੀ ਦੀ ਭੂਮਿਕਾ ਸ਼ਿਕਾਇਤਾਂ ਦੀ ਸਮੀਖਿਆ ਕਰਨਾ ਹੈ।
- ICRC ਦੇ ਦੋ ਪੈਨਲ ਹਨ। ਇੱਕ ਪੈਨਲ ਆਡੀਓਲੋਜੀ ਰੈਜਿਸਟਰੈਂਟਸ ਬਾਰੇ ਸ਼ਿਕਾਇਤਾਂ ਦੀ ਸਮੀਖਿਆ ਕਰਦਾ ਹੈ ਅਤੇ ਦੂਜਾ ਸਪੀਚ-ਲੈਂਗੁਇਜ ਦੇ ਪੈਥੋਲੋਜੀ ਰੈਜਿਸਟਰੈਂਟਸ ਬਾਰੇ ਸ਼ਿਕਾਇਤਾਂ ਦੀ ਸਮੀਖਿਆ ਕਰਦਾ ਹੈ।
- ਹਰੇਕ ਪੈਨਲ ਵਿੱਚ ਲਾਜ਼ਮੀ ਤੌਰ 'ਤੇ ਜਨਤਕ ਅਤੇ ਪੇਸ਼ੇਵਰ ਦੋਵੇਂ ਮੈਂਬਰ ਸ਼ਾਮਲ ਹੋਣੇ ਚਾਹੀਦੇ ਹਨ।
- ਪੈਨਲ ਤਫ਼ਤੀਸ਼ ਲਈ ਆਖ ਸਕਦਾ ਹੈ। ਜਾਂਚ ਵਿਚ ਮਰੀਜ਼ ਦੇ ਰਿਕਾਰਡ ਨੂੰ ਵੇਖਣਾ ਅਤੇ/ਜਾਂ ਲੋਕਾਂ ਜਾਂ ਗਵਾਹਾਂ ਦਾ ਇੰਟਰਵਿਊ ਲੈਣਾ ਸ਼ਾਮਲ ਹੋ ਸਕਦਾ ਹੈ।
- ਪੈਨਲ ਮਾਹਰਾਂ ਦੀ ਰਾਏ ਲੈਣ ਬਾਰੇ ਆਖ ਸਕਦਾ ਹੈ।
- ਪੈਨਲ ਸਾਰੀ ਜਾਣਕਾਰੀ ਦੀ ਸਮੀਖਿਆ ਕਰੇਗਾ ਅਤੇ ਇਹ ਫ਼ੈਸਲਾ ਕਰੇਗਾ ਕਿ ਕੀ ਕੀਤਾ ਜਾਵੇ

# ਨਤੀਜੇ

ਦੇਖੋ +/-

ਪੈਨਲ ਆਡੀਓਲੋਜੀ ਜਾਂ ਸਪੀਚ-ਲੈਂਗੁਏਜ ਪੈਥੋਲੋਜੀ ਰੈਜਿਸਟਰੈਂਟ ਬਾਰੇ ਹੇਠ ਲਿਖਿਆਂ ਵਿੱਚੋਂ ਕੋਈ ਵੀ ਫ਼ੈਸਲਾ ਲੈ ਸਕਦਾ ਹੈ:

- ਰੈਂਜਿਸਟਰੈਂਟ ਨੂੰ CASLPO ਦੀ ਅਨੁਸ਼ਾਸਨੀ ਕਮੇਟੀ ਵਿੱਚ ਭੇਜਿਆ ਜਾ ਸਕਦਾ ਹੈ।
- ਜੇ ਅਜਿਹਾ ਲੱਗਦਾ ਹੈ ਕਿ ਉਹ ਅਸਮਰੱਥ ਹਨ, ਤਾਂ ਰੈਂਜਿਸਟਰੈਂਟ ਨੂੰ ਅਗਲੇਰੀ ਜਾਂਚ ਲਈ ICRC ਦੇ ਕਿਸੇ ਹੋਰ ਪੈਨਲ ਵਿੱਚ ਭੇਜਿਆ ਜਾ ਸਕਦਾ ਹੈ। "ਅਸਮਰੱਥਾ" ਦਾ ਮਤਲਬ ਹੈ ਕਿ ਰੈਂਜਿਸਟਰੈਂਟ ਸਰੀਰਕ ਜਾਂ ਦਿਮਾਗ਼ੀ ਸਿਹਤ ਦੀ ਸਥਿਤੀ (ਮਾਨਸਿਕ ਰੋਗ) ਤੋਂ ਪੀੜਤ ਹੈ ਜੋ ਉਨ੍ਹਾਂ ਦੀ ਸੁਰੱਖਿਅਤ ਤਰੀਕੇ ਨਾਲ ਅਭਿਆਸ ਕਰਨ ਦੀ ਯੋਗਤਾ ਵਿੱਚ ਵਿਘਨ ਪਾਉਂਦੀ ਹੈ।
- ਸਾਵਧਾਨ ਰਹਿਣ ਲਈ ਰੈਂਜਿਸਟਰੈਂਟ ਨੂੰ ਪੈਨਲ ਦੇ ਸਾਹਮਣੇ ਪੇਸ਼ ਹੋਣ ਦੀ ਜ਼ਰੂਰਤ ਹੋ ਸਕਦੀ ਹੈ।
- ਰੈਂਜਿਸਟਰੈਂਟ ਨੂੰ ਨਿਰਧਾਰਤ ਨਿਰੰਤਰ ਸਿੱਖਿਆ ਜਾਂ ਉਪਚਾਰ ਪ੍ਰੋਗਰਾਮ ਨੂੰ ਪੂਰਾ ਕਰਨ ਦੀ ਲੋੜ ਹੋ ਸਕਦੀ ਹੈ। ਇਹ ਅਜਿਹਾ ਪ੍ਰੋਗਰਾਮ ਹੈ ਜੋ ਰੈਂਜਿਸਟਰੈਂਟ ਨੂੰ ਅਭਿਆਸ ਦੇ ਖੇਤਰ ਵਿੱਚ ਸੁਧਾਰ ਕਰਨ ਵਿੱਚ ਸਹਾਇਤਾ ਕਰਦਾ ਹੈ।
- ਅੰਤ ਵਿੱਚ, ਪੈਨਲ ਇਹ ਫ਼ੈਸਲਾ ਕਰ ਸਕਦਾ ਹੈ ਕਿ ਰੈਂਜਿਸਟਰੈਂਟ ਖ਼ਿਲਾਫ਼ ਅੱਗੇ ਕੋਈ ਵੀ ਕਾਰਵਾਈ ਜ਼ਰੂਰੀ ਨਹੀਂ ਹੈ।

ਹਾਲਾਂਕਿ, ਪੈਨਲ ਨੂੰ ਤੁਹਾਨੂੰ ਸਿੱਧੇ ਰਿਫੰਡ ਜਾਂ ਪੈਸੇ ਦੇਣ ਲਈ ਹਿਦਾਇਤ ਦੇਣ ਦਾ ਅਧਿਕਾਰ ਨਹੀਂ ਹੈ

ਪੈਨਲ ਤੁਹਾਨੂੰ ਅਤੇ ਰੈਂਜਿਸਟਰੈਂਟ ਦੋਵਾਂ ਨੂੰ ਆਪਣੇ ਫ਼ੈਸਲਿਆਂ ਦੇ ਕਾਰਨਾਂ ਸਮੇਤ, ਆਪਣਾ ਫ਼ੈਸਲਾ ਪ੍ਰਦਾਨ ਕਰਨ ਲਈ ਲਿਖੇਗਾ।

# ਫੈਸਲੇ ਦੀ ਬੇਨਤੀ ਕਰਨਾ

ਦੇਖੋ +/-

ਜੇ ਪੈਨਲ ਦੇ ਫ਼ੈਸਲੇ ਤੋਂ ਦੋਵੇਂ ਨਾਖੁਸ਼ ਹੁੰਦੇ ਹੋ, ਤਾਂ ਤੁਸੀਂ ਜਾਂ ਆਡੀਓਲੋਜਿਸਟ ਜਾਂ ਸਪੀਚ-ਲੈਂਗਵੇਜ ਪੈਥੋਲੋਜਿਸਟ ਹੈਲਥ ਪ੍ਰੋਫੈਸ਼ਨਜ ਅਪੀਲ ਅਤੇ ਸਮੀਖਿਆ ਬੋਰਡ (Health Professions Appeal and Review Board) ਦੁਆਰਾ ਸਮੀਖਿਆ ਕੀਤੇ ਜਾਣ ਲਈ ਬੇਨਤੀ ਕਰ ਸਕਦੇ ਹੋ।

ਇਹ ਬੋਰਡ ਕਾਲਜ ਦਾ ਹਿੱਸਾ ਨਹੀਂ ਹੈ। **ਨੋਟ ਕਰੋ:** ਸ਼ਬਦ "ਮੈਂਬਰ" ਅਤੇ "ਰੈਂਜਿਸਟਰੈਂਟ" ਦੀ ਵਰਤੋਂ CASLPO ਦੀ ਵੈਬਸਾਈਟ ਅਤੇ ਦਸਤਾਵੇਜ਼ਾਂ ਵਿੱਚ ਅਦਲ-ਬਦਲ ਕੇ ਕੀਤੀ ਜਾਂਦੀ ਹੈ। ਦੋਵੇਂ ਸ਼ਬਦ ਨਿਯਮਿਤ Regulated Health Professions Act, 1991, Audiology and Speech-Language Pathology Act, 1991, ਅਤੇ ਉਹਨਾਂ ਐਕਟ ਅਧੀਨ ਨਿਯਮਾਂ ਅਨੁਸਾਰ ਪਰਿਭਾਸ਼ਤ ਕੀਤੇ ਗਏ "ਮੈਂਬਰ" ਦੇ ਸਮਾਨਾਰਥੀ ਹਨ।

ਜਿਨਸੀ ਸ਼ੋਸ਼ਣ ਦੀ ਰੋਕਥਾਮ ਲਈ ਪ੍ਰੋਗਰਾਮ

ਥੈਰੇਪੀ ਐਪਲੀਕੇਸ਼ਨ ਲਈ ਫੰਡਿੰਗ